**INPUTS RECOMMENDATION CHART:**

1. **ਬੀਜ ਦੀ ਮਾਤਰਾ:** ਵੱਖੋ-ਵੱਖਰੀਆਂ ਕਿਸਮਾਂ ਲਈ ਹੇਠ ਲਿਖੇ ਅਨੁਸਾਰ ਬੀਜ ਵਰਤੋ:

| | ਕਿਸਮਾਂ | ਬੀਜ ਦੀ ਮਾਤਰਾ (ਕਿਲੋ ਪ੍ਰਤੀ ਏਕੜ) |
|---|---|---|
| ਬੀ.ਟੀ.ਨਰਮੇਂ ਦੀ ਕਿਸਮ | ਪੀ.ਏ.ਯੂ. ਬੀ.ਟੀ. 1 | 4.0 (ਬੀ.ਟੀ.ਨਰਮਾ)+1.0 (ਬੀ.ਟੀ. ਰਹਿਤ ਨਰਮਾ)। |
| ਬੀ.ਟੀ.ਨਰਮੇ ਦੀਆਂ ਦੋਗਲੀਆਂ ਕਿਸਮਾਂ | ਸਿਫਾਰਸ਼ ਕੀਤੀਆਂ ਹੋਈਆਂ ਦੋਗਲੀਆਂ ਕਿਸਮਾਂ | 0.900 (ਬੀ.ਟੀ. ਨਰਮਾ)+0.240(ਬੀ.ਟੀ.ਰਹਿਤ ਨਰਮਾ)। |
| ਬੀ.ਟੀ.ਰਹਿਤ ਦੋਗਲੀ ਕਿਸਮ | ਐਲ.ਐਚ.ਐਚ. 144 | 1.5 |
| ਬੀ.ਟੀ.ਰਹਿਤ ਕਿਸਮਾਂ | ਐਫ 2228,ਐਲ ਐਚ 2108 ਅਤੇ ਐਲ ਐਚ 2076 | 3.5 |
| | ਐਫ 2383 | 6.0 |

2. **ਖਾਦਾਂ:**-ਦਰਮਿਆਨੀਆਂ ਉਪਜਾਊ ਜਮੀਨਾਂ ਲਈ ਖਾਦਾਂ ਦੀ ਮਾਤਰਾ ਹੇਠ ਲਿਖੇ ਅਨੁਸਾਰ ਵਰਤੋ। ਕਪਾਹ ਦੀ ਫਸਲ ਨਾਈਟਰੋਜਨ ਵਾਲੀਆਂ ਖਾਦਾਂ ਨੂੰ ਬਹੁਤ ਮੰਨਦੀ ਹੈ ।

| ਕਿਸਮਾਂ | *ਤੱਤ (ਕਿਲੋ ਪ੍ਰਤੀ ਏਕੜ) | | ਖਾਦਾਂ (ਕਿਲੋ ਪ੍ਰਤੀ ਏਕੜ) | | |
|---|---|---|---|---|---|
| | ਨਾਈਟਰੋਜਨ | ਫਾਸਫੋਰਸ | ਯੂਰੀਆ | ਡੀ ਏ ਪੀ ਜਾਂ | ਸਿੰਗਲ ਸੁਪਰਫਾਸਫੇਟ |
| ਬੀ ਟੀ ਰਹਿਤ ਕਿਸਮਾਂ | 30 | 12 | 65 | 27 | 75 |
| ਬੀ ਟੀ ਨਰਮੇ ਦੀ ਕਿਸਮ ਪੀ.ਏ.ਯੂ. ਬੀ.ਟੀ. 1 | 37 | 12 | 80 | 27 | 75 |
| ਦੋਗਲੀਆਂ ਕਿਸਮਾਂ (ਬੀ ਟੀ ਅਤੇ ਬੀ ਟੀ ਰਹਿਤ) | 42 | 12 | 90 | 27 | 75 |

ਇਹ ਤੱਤ ਮੰਡੀ ਵਿੱਚ ਮਿਲਦੀਆਂ ਹੋਰ ਖਾਦਾਂ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।

**ਨੋਟ:**

- ਕਣਕ, ਜਿਸਨੂੰ ਸਿਫਾਰਸ਼ ਕੀਤੀ ਗਈ ਫਾਸਫੋਰਸ ਦੀ ਮਾਤਰਾ ਪਾਈ ਹੋਵੇ, ਤੋਂ ਬਾਅਦ ਕਪਾਹ ਦੀ ਫਸਲ ਨੂੰ ਫਾਸਫੋਰਸ ਨਾ ਪਾਓ। ਜਿਥੇ 27 ਕਿਲੋ ਡੀ ਏ ਪੀ ਪਾਇਆ ਹੋਵੇ ਉਥੇ ਯੂਰੀਏ ਦੀ ਮਾਤਰਾ 10 ਕਿਲੋ ਘਟਾ ਦਿਓ।
- ਰੇਤਲੀਆਂ ਜਮੀਨਾਂ ਵਿੱਚ ਕਪਾਹ ਦੀ ਫਸਲ ਨੂੰ ਬਿਜਾਈ ਸਮੇਂ 20 ਕਿਲੋ ਮਿਊਰੇਟ ਆਫ ਪੋਟਾਸ਼ ਅਤੇ 10 ਕਿਲੋ ਜਿੰਕ ਸਲਫੇਟ ਹੈਪਟਾਹਾਈਡਰੇਟ ਜਾਂ 6.5 ਕਿਲੋ ਜਿੰਕ ਸਲਫੇਟ ਮੋਨੋਹਾਈਡਰੇਟ ਪ੍ਰਤੀ ਏਕੜ ਪਾਓ।

ਸਾਰੀ ਫਾਸਫੋਰਸ ਬਿਜਾਈ ਸਮੇਂ ਪਾ ਦਿਓ। ਅੱਧੀ ਨਾਈਟਰੋਜਨ ਬੂਟੇ ਵਿਰਲੇ ਕਰਨ ਸਮੇਂ ਅਤੇ ਬਾਕੀ ਅੱਧੀ ਫੁੱਲ ਨਿਕਲਣ ਸਮੇਂ ਪਾਓ। ਜੇਕਰ ਜਮੀਨ ਦੀ ਮੁੱਢਲੀ ਉਪਜਾਊ ਸ਼ਕਤੀ ਘੱਟ ਹੋਵੇ ਤਾਂ ਨਾਈਟਰੋਜਨ ਖਾਦ ਦੀ ਪਹਿਲੀ ਕਿਸ਼ਤ ਬਿਜਾਈ ਸਮੇ ਹੀ ਪਾ ਦਿਓ। ਬੋਰੋਨ ਦੀ ਘਾਟ (0.5 ਕਿਲੋ ਬੋਰੋਨ ਪ੍ਰਤੀ ਏਕੜ ਤੋ ਘੱਟ) ਵਾਲੀਆਂ ਜਮੀਨਾਂ ਜਿਨਾਂ ਵਿੱਚ 2% ਜਾਂ ਵੱਧ ਕੈਲਸ਼ੀਅਮ ਕਾਰਬੋਨੇਟ ਹੋਵੇ, ਵਿੱਚ 400 ਗ੍ਰਾਮ ਬੋਰੋਨ (4 ਕਿਲੋ ਬੋਰੈਕਸ) ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਬੋਰੋਨ ਦੀ ਸਿਫਾਰਸ਼ ਨਾਲੋਂ ਵਧੇਰੇ ਵਰਤੋਂ ਨਾ ਕਰੋ ਕਿਉ ਕਿ ਇਹ ਫਸਲ ਲਈ ਨੁਕਸਾਨਦੇਹ ਹੋ ਸਕਦੀ ਹੈ।